a2zpapers.com

Sr. No. 663

Exam. Code: 108101
Subject Code : 2528

**B. F. A. Ist Sem.**

**(2116)**

**Paper-VIII(i): Punjabi Compulsory**

Time allowed: 3 hrs. Max. Marks: 50

1. ਹੇਠ ਲਿਖਿਆਂ ਵਿਚੋਂ ਕਿਸੇ **ਇਕ** ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ:

   ੳ. ਪਹੀਆ ਤੇ ਪ੍ਰਦੂਸ਼ਣ ਅ. ਏਡਜ਼: ਇਕ ਗੰਭੀਰ ਸੰਕਟ 10

2. ਅੰਮ੍ਰਿਤਾ ਪ੍ਰੀਤਮ ਦੇ ਰੇਖਾ ਚਿਤਰ ਦੇ ਕਲਾ ਪੱਖ ਦਾ ਵਰਣਨ ਕਰੋ। 10

3. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** 'ਤੇ ਪੈਰਾ ਰਚਨਾ ਕਰੋ:

   ੳ. ਜ਼ਿੰਦਗੀ ਵਿਚ ਪੁਸਤਕਾਂ ਦਾ ਮਹੱਤਵ

   ਅ. ਘੱਟ ਰਹੇ ਪਾਣੀ ਦੀ ਸਮੱਸਿਆ

   ੲ. ਸਿਨੇਮਾ ਤੇ ਮਨੁੱਖ 5

4. ਹੇਠ ਲਿਖਿਆ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉਤਰ ਦਿਓ:।

   1936 ਵਿਚ ਬਰਤਾਨੀਆਂ ਦੇ ਪੀਲ ਕਮਿਸ਼ਨ ਨੇ ਫਲਸਤੀਨ ਦਾ ਦੌਰਾ ਕੀਤਾ ਤੇ ਲਿਖਿਆ ਕਿ ਫਲਸਤੀਨ ਦੇ ਦੋ ਟੁਕੜੇ ਕਰ ਦਿੱਤੇ ਜਾਣ। ਦੋ ਹਜ਼ਾਰ ਵਰਗ ਮੀਲ ਰਕਬਾ ਯਹੂਦੀਆਂ ਨੂੰ ਮਿਲੇ ਬਾਕੀ ਦਾ ਅਰਬਾਂ ਨੂੰ। ਜੇਰੂਸਲਮ ਨੂੰ ਜਾਣ ਵਾਸਤੇ ਅੰਤਰਰਾਸ਼ਟਰੀ ਲਾਂਘਾ ਦੇ ਦਿੱਤਾ ਜਾਵੇ। ਗੋਲਡਾ ਨੇ ਇਸ ਪੇਸ਼ਕਸ਼ ਤੇ ਇਤਰਾਜ਼ ਉਠਾਂਦਿਆਂ ਕਿਹਾ-ਇੰਨਾ ਘੱਟ ਰਕਬਾ? ਬਾਕੀ ਸਾਰਾ ਫਲਸਤੀਨ ਅਰਬਾਂ ਨੂੰ? ਵੱਡੇ ਹੋਕੇ ਮੇਰੇ ਬੱਚੇ ਮੈਨੂੰ ਪੁੱਛਣਗੇ- ਮਾਂ ਤੂੰ ਏਡਾ ਵੱਡਾ ਦੇਸ਼ ਛੱਡਣ ਦੇ ਫ਼ੈਸਲੇ ਤੇ ਦਸਖਤ ਕੀਤੇ? ਬਹੁਤ ਸਾਰੇ ਹੋਰ ਨੇਤਾ ਵੀ ਇਹੀ ਕਹਿ ਰਹੇ ਸਨ, ਬਿਨ ਗੁਰਿਓਂ ਨੇ ਸਹਿਮਤੀ ਦਿੰਦਿਆਂ ਕਿਹਾ- ਕੁਝ ਤਾਂ ਮਿਲੇਗਾ, ਹੁਣ ਤਾਂ ਕੁਝ ਵੀ ਨਹੀਂ, ਕੀ ਜ਼ੀਰੋ ਤੋਂ ਸਾਨੂੰ ਅੱਗੇ ਨਹੀਂ ਵਧਣਾ ਚਾਹੀਦਾ? ਉਸ ਦੀ ਗੱਲ ਵਿਚ ਦਮ ਸੀ। ਮੰਨ ਗਏ। ਪਰ ਅਰਬ ਨਹੀਂ ਮੰਨੇ। ਅਰਬਾਂ ਨੇ ਕਦੀ ਆਪਣਾ ਫਾਇਦਾ ਨਹੀਂ ਸੋਚਿਆ, ਉਹ ਸੋਚਦੇ ਸਨ ਯਹੂਦੀਆਂ ਦਾ



PTO

www.a2zpapers.com
a2zpapers.com

a2zpapers.com

Sr. No. 663

Exam. Code: 108101
Subject Code : 2528



ਨੁਕਸਾਨ ਕਿਵੇਂ ਹੋਵੇ। ਜੇ ਪੀਲ ਪਲੈਨ ਮੰਨੀ ਜਾਂਦੀ, ਲੱਖਾਂ ਯਹੂਦੀ ਦੂਜੀ ਜੰਗ ਵਿਚ ਮਰਨੋਂ ਬਚਕੇ ਇਥੇ ਆ ਪੁਜਦੇ। ਅੰਗਰੇਜ਼ਾਂ ਨੇ ਕੋਟਾ ਮਿਥਿਆ ਹੋਇਆ ਸੀ ਜਿਸ ਤੋਂ ਵਧੀਕ ਗਿਣਤੀ ਦੇ ਸ਼ਰਨਾਰਥੀ ਯਹੂਦੀਆਂ ਨੂੰ ਬੰਦਰਗਾਹ ਤੋਂ ਵਾਪਸ ਭੇਜ ਦਿੰਦੇ ਸਨ। ਯਾਨੀ ਕਿ ਜੇ ਯਹੂਦੀਆਂ ਦਾ ਜਿਉਣ ਨੂੰ ਜੀ ਕਰੇ, ਉਨ੍ਹਾਂ ਨੂੰ ਇਹ ਹੱਕ ਨਾ ਦਿੱਤਾ ਜਾਏ।

ੳ. ਪੀਲ ਕਮਿਸ਼ਨ ਨੇ ਕਿਹੜੇ ਸੰਨ ਵਿਚ ਕਿਥੋਂ ਦਾ ਦੌਰਾ ਕੀਤਾ?

ਅ. ਯਹੂਦੀਆਂ ਤੇ ਅਰਬਾਂ ਵਿਚ ਕਿੰਨਾ ਰਕਬਾ ਵੰਡਿਆ ਗਿਆ?

ੲ. ਵੱਡੇ ਹੋ ਕੇ ਬੱਚੇ ਗੋਲਡਾ ਨੂੰ ਕੀ ਪੁਛਣਗੇ?

ਸ. ਬਿਨ ਗੁਰਿਓਂ ਨੇ ਕਿਸ ਗੱਲ ਦੀ ਸਹਿਮਤੀ ਦਿੱਤੀ?

ਹ. ਜੇ ਪੀਲ ਪਲੈਨ ਮੰਨੀ ਜਾਂਦੀ ਤਾਂ ਕੀ ਹੁੰਦਾ? 5

5. ਉਚਾਰਨ ਸਥਾਨ ਤੇ ਉਚਾਰਨ ਵਿਧੀਆਂ 'ਤੇ ਚਾਨਣਾ ਪਾਓ। 5

6. ਪੰਜਾਬੀ ਉਪ ਭਾਸ਼ਾਵਾਂ ਦੇ ਪਛਾਣ ਚਿੰਨ੍ਹਾਂ ਦਾ ਵਰਣਨ ਕਰੋ। 5

7. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦੇ ਉਤਰ ਦਿਓ:

ੳ. ਦੂਜੀ ਭਾਸ਼ਾ ਵਿਚ ਸਿਖਿਆ ਦੇਣ ਦੇ ਕੀ ਨੁਕਸਾਨ ਹਨ?

ਅ. ਮਾਤ ਭਾਸ਼ਾ ਤੇ ਮਾਂ ਦੀ ਭਾਸ਼ਾ ਵਿਚ ਕੀ ਅੰਤਰ ਹੈ?

ੲ. ਮੁੱਢਲੇ ਅਧਿਆਪਨ ਵਿਚ ਮਾਤ ਭਾਸ਼ਾ ਦਾ ਕੀ ਮਹੱਤਵ ਹੈ?

ਸ. ਮਾਤ ਭਾਸ਼ਾ ਵਿਚ ਸਿਖਿਆ ਦੇਣ ਲਈ ਵਿਧੀਆਂ ਦੀ ਵਰਤੋਂ ਕਿੰਨੀ ਕੁ ਸਾਰਥਕ ਹੈ?

$2 \times 5 = 10$

**********

663(2116)100



www.a2zpapers.com
a2zpapers.com